# ਦਫ਼ਤਰ ਨਗਰ ਨਿਗਮ, ਹੁਸ਼ਿਆਰਪੁਰ

## ਪ੍ਰੈਸ ਨੋਟ

## ਘੰਟਾ ਘਰ ਦੇ ਨਜਦੀਕ ਬਣ ਰਹੇ ਪਾਰਕਿੰਗ ਪਲੇਸ ਦੇ ਕੰਮ ਦੀ ਪ੍ਰਗਤੀ ਦਾ ਮੇਅਰ ਸ਼ਿਵ ਸੂਦ ਨੇ ਲਿਆ ਜਾਇਜਾ

## ਸ਼ਹਿਰ ਨਿਵਾਸੀਆਂ ਨੂੰ ਮਿਲੇਗੀ ਪਾਰਕਿੰਗ ਦੀ ਸੁਵਿਧਾ

ਹੁਸ਼ਿਆਰਪੁਰ 21 ਫਰਵਰੀ ਸ਼ਹਿਰ ਵਿਚ ਟਰੈਫਿਕ ਦੀ ਸਮੱਸਿਆ ਦੇ ਹੱਲ ਲਈ ਨਗਰ ਨਿਗਮ ਵੱਲੋਂ ਸ਼ਹਿਰ ਵਿਚ 2 ਪਾਰਕਿੰਗ ਪਲੇਸ ਬਣਾਉਣ ਦੀ ਯੋਜਨਾਂ ਤਹਿਤ ਇੱਕ ਪਾਰਕਿੰਗ ਪਲੇਸ ਫਾਇਰ ਬ੍ਰਿਗੇਡ ਦੇ ਦਫ਼ਤਰ ਵਿਖੇ ਬਣਾਉਣ ਉਪਰੰਤ ਇਸ ਦਾ ਲੋਕ ਅਰਪਣ ਕਰ ਦਿੱਤਾ ਗਿਆ ਹੈ ਅਤੇ ਘੰਟਾ ਘਰ ਦੇ ਨਜਦੀਕ ਬਣਾਏ ਜਾ ਰਹੇ ਦੂਸਰੇ ਪਾਰਕਿੰਗ ਪਲੇਸ ਦਾ ਕੰਮ ਪ੍ਰਗਤੀ ਅਧੀਨ ਹੈ। ਜਿਸ ਨੂੰ ਜਲਦੀ ਹੀ ਮੁਕੰਮਲ ਕਰ ਲਿਆ ਜਾਵੇਗਾ। ਇਹ ਜਾਣਕਾਰੀ ਨਗਰ ਨਿਗਮ ਦੇ ਮੇਅਰ ਸ਼ਿਵ ਸੂਦ ਨੇ ਅੱਜ ਪਾਰਕਿੰਗ ਪਲੇਸ ਦੇ ਕੰਮ ਦੀ ਪ੍ਰਗਤੀ ਦਾ ਜਾਇਜਾ ਲੈਣ ਮੌਕੇ ਦਿੱਤੀ। ਕਾਰਜ ਸਾਧਕ ਅਫ਼ਸਰ ਰਮੇਸ਼ ਕੁਮਾਰ, ਕਾਰਜਕਾਰੀ ਇੰਜੀਨੀਅਰ ਸਤੀਸ਼ ਸੈਣੀ, ਵਿਨੋਦ ਪਰਮਾਰ, ਕੌਂਸਲਰ ਨਿਪੁਨ ਸ਼ਰਮਾ, ਰਮੇਸ਼ ਕੁਮਾਰ, ਸੁਰੇਸ਼ ਭਾਟੀਆ ਬਿੱਟੂ, ਰੂਪ ਲਾਲ ਥਾਪਰ, ਸਰਬਜੀਤ ਸਿੰਘ ਅਤੇ ਲਕਸ਼ਮੀ ਗੁਪਤਾ ਵੀ ਇਸ ਮੌਕੇ ਤੇ ਉਹਨਾਂ ਦੇ ਨਾਲ ਸਨ। ਮੇਅਰ ਸ਼ਿਵ ਸੂਦ ਨੇ ਦੱਸਿਆ ਕਿ ਸ਼ਹਿਰ ਦੇ ਲੋਕਾਂ ਵਲੋਂ ਗੱਡੀਆ ਦੀ ਪਾਰਕਿੰਗ ਲਈ ਕਾਫੀ ਸਮੇਂ ਤੋਂ ਮੰਗ ਕੀਤੀ ਜਾ ਰਹੀ ਸੀ ਜਿਸ ਨੂੰ ਦੇਖਦੇ ਹੋਏ ਇਹ ਪਾਰਕਿੰਗ ਪਲੇਸ ਬਣਾਇਆ ਜਾ ਰਿਹਾ ਹੈ ਇਸ ਦੇ ਬਣਨ ਨਾਲ ਘੰਟਾ ਘਰ ਦੇ ਆਸ ਪਾਸ ਕਸ਼ਮੀਰੀ ਬਜਾਰ, ਕੋਤਵਾਲੀ ਬਜਾਰ, ਰੇਲਵੇ ਰੋਡ, ਜਲੰਧਰ ਰੋਡ, ਗੌਰਾਂ ਗੇਟ ਆਦਿ ਦੇ ਦੁਕਾਨਦਾਰਾਂ ਅਤੇ ਸ਼ਹਿਰ ਵਿਚ ਆਉਣ ਵਾਲੇ ਲੋਕਾਂ ਨੂੰ ਆਪਣੀਆਂ ਗੱਡੀਆਂ ਆਦਿ ਪਾਰਕ ਕਰਨ ਦੀ ਸੁਵਿਧਾ ਉਪਲਬਧ ਹੋਵੇਗੀ। ਉਹਨਾਂ ਦੱਸਿਆ ਕਿ ਇਸ ਵਿਚ ਲਗਭਗ 100 ਦੇ ਕਰੀਬ ਗੱਡੀਆਂ ਪਾਰਕ ਕੀਤੀਆਂ ਜਾ ਸਕਣਗੀਆਂ। ਜ਼ਿਸ ਨਾਲ ਸ਼ਹਿਰ ਵਿਚ ਵੱਧ ਰਹੀ ਟ੍ਰੈਫਿਕ ਸਮੱਸਿਆ ਦਾ ਵੀ ਹੱਲ ਹੋਵੇਗਾ।